ੴ ਸਤਿਗੁਰ ਪ੍ਰਸਾਦਿ ॥

# ☬ Siri Guru Singh Sabha Copenhagen ,Danmark ☬

Vedtægter

# ਸ੍ਰੀ ਗੁਰੂ ਸਿੰਘ ਸਭਾ ਕੋਪਨਹੈਗਨ ਡੈਨਮਾਰਕ

ਸੰਵਿਧਾਨ

November 2012

# ਸੰਵਿਧਾਨ

§੧ **ਨਾਮ** :– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੋਪਨਹੈਗਨ ( ਡੈਨਮਾਰਕ )

§੨ **ਐਡਰੈਸ** :–Kirkebjerg allé 35A , 2720 Vanløse , Denmark

§੩ **ਨਿਸ਼ਾਨਾ** :–

**ਇਹ ਸੰਸਥਾ ਸਿੱਖ ਧਰਮ ਦੀ ਪ੍ਰਫੁੱਲਤਾ ਅਤੇ ਮਨੁੱਖੀ ਸਾਂਝ ਵਾਸਤੇ ਸਾਰੇ ਕਾਰਜ ਪੰਥ ਪ੍ਰਵਾਨਤ ( ਸਿੱਖ ਰਹਿਤ ਮਰਯਾਦਾ ੧੯੪੫) ਅਨੁਸਾਰ ਕਰੇਗੀ ।**

ੳ ) ਸ੍ਰੀ ਗੁਰੂ ਸਿੰਘ ਸਭਾ ਇੱਕ ਧਾਰਮਿਕ , ਸਭਿਅਕ , ਦਾਨਯੋਗ ਅਤੇ ਮੁਨਾਫ਼ਾ ਰਹਿਤ ਸੰਸਥਾ ਹੈ ਜੋ ਕਿਸੇ ਨਸਲ ਰੰਗ , ਧਾਰਮਿਕ ਭਿੰਨਤਾ , ਦੇਸ਼ , ਲਿੰਗ ਅਤੇ ਜਾਤ ਨੂੰ ਘਿਰਣਾ ਨਹੀਂ ਕਰਦੀ । ਸਿੱਖ ਧਰਮ ਦੇ ਵਿਕਾਸ ਅਤੇ ਇਸ ਦੀ ਪਾਲਣਾ ਵਾਸਤੇ ਇਸ ਸੰਸਥਾ ਦੀ ਸਥਾਪਨਾ ਕੀਤੀ ਗਈ ਹੈ ।

ਅ ) ਡੈਨਮਾਰਕ ਵਿਚ ਗੁਰਦੁਆਰਾ ਹੋਣ ਦਾ ਮੁੱਖ ਨਿਸ਼ਾਨਾ ਇਹ ਹੈ ਕਿ ਇਥੇ ਵੱਸਦੇ ਸਿੱਖਾਂ ਨੂੰ ਆਪਣੇ ਧਰਮ ਨਾਲ ਜੋੜਨਾ ਅਤੇ ਕਿਸੇ ਕਿਸਮ ਦੀ ਧਾਰਮਿਕ ਕਮੀ ਨਾ ਮਹਿਸੂਸ ਹੋਣ ਦੇਣਾ । ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕਰਨਾ ।

ੲ ) ਧਾਰਮਿਕ ਅਤੇ ਸਮਾਜਿਕ ਇਕੱਤਰਤਾਵਾਂ ਕਰਨੀਆਂ । ਜਿਸ ਨਾਲ ਸਿੱਖ ਧਰਮ ਦਾ ਵਿਕਾਸ ਅਤੇ ਪਾਲਣਾ ਹੋ ਸਕੇ ।

ਸ ) ਗੁਰਪੁਰਬ ਦਿਹਾੜਿਆ ਦਾ ਪ੍ਰਬੰਧ ਕਰਨਾ । ਤੀਰਥ ਜਾਂ ਹੋਰ ਯਾਤਰਾਵਾਂ ਦਾ ਪ੍ਰਬੰਧ ਕਰਨਾ । ਜਿਨ੍ਹਾਂ ਨਾਲ ਧਾਰਮਿਕ, ਸਭਿਅਕ ਅਤੇ ਸਮਾਜਿਕ ਲੋੜਾਂ ਪੂਰੀਆਂ ਹੋ ਸਕਣ ।

ਹ ) ਗੁਰਮੁਖੀ ਵਿਦਿਆ ਪੜ੍ਹਾਉਣ ਦਾ ਪ੍ਰਬੰਧ ਕਰਨਾ । ਖਾਸ ਕਰਕੇ ਛੋਟੇ ਬੱਚਿਆਂ ਦੇ ਬੁਨਿਆਦੀ ਅਸੂਲਾਂ ਨੂੰ ਅਪਨਾਉਣ ਵਿਚ ਸਹਾਇਤਾ ਕਰਨੀ ਤਾਂ ਕਿ ਉਹ ਆਪਣਾ ਪਛੋਕੜ ਸਮਝ ਸਕਣ ।

ਕ ) ਧਾਰਮਿਕ ਅਤੇ ਸਭਿਆਚਾਰਕ ਕਿਤਾਬਾਂ ਦੀ ਲਾਇਬਰੇਰੀ ਸਥਾਪਤ ਕਰਨੀ ।

ਖ ) ਹੋਰ ਫਿਰਕਿਆਂ ਨਾਲ ਦੋਸਤੀ ਅਤੇ ਸਾਂਝ ਵਧਾਉਣੀ । ਪੰਥਕ ਤੇ ਧਾਰਮਿਕ ਸਭਾ ਸੁਸਾਇਟੀਆਂ ਨੂੰ ਮਿਲਵਰਤਨ ਦੇਣਾ ਅਤੇ ਲੈਣਾ ।

ਗ ) ਸਿੱਖ ਧਰਮ ਦੀ ਪ੍ਰਫੁੱਲਤਾ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਦਾਨ ਇਕੱਤਰ ਕਰਨਾ ਅਤੇ ਸਹਾਇਤਾ ਕਰਨੀ ।

ਘ ) ਸਿੱਖ ਧਰਮ ਦੀ ਪ੍ਰਫੁੱਲਤਾ ਵਾਸਤੇ ਲਿਟਰੇਚਰ ਤਿਆਰ ਕਰਨਾ ।

ਙ )   ਲੋੜ ਅਨੁਸਾਰ ਲੋੜਵੰਦਾਂ ਦੀ ਸਮਾਜਿਕ ਅਤੇ ਮਾਇਕ ਸਹਾਇਤਾ ਕਰਨੀ ਅਤੇ ਸਬੰਧਤ ਮਹਿਕਮਿਆਂ ਨਾਲ ਤਾਲ ਮੇਲ ਕਰਨਾ ।

ਚ )  ਕੀਰਤਨ ਸਿਖਲਾਈ , ਗੁਰਬਾਣੀ ਦੀ ਸੰਥਿਆ ਦੇਣੀ ਅਤੇ ਖੇਡਾਂ ਲਈ ਉਤਸ਼ਾਹਿਤ ਕਰਨਾ ।

ਛ )   ਸਮਾਜਿਕ ਰਸਮਾਂ , ਵਿਆਹ , ਬੱਚਿਆਂ ਦੇ ਨਾਮ ਰੱਖਣੇ ਆਦਿ ਰਸਮਾਂ ਕਰਨੀਆਂ ।

## §੪ ਮੈਂਬਰ ਬਣਨ ਅਤੇ ਬਣੇ ਰਹਿਣ ਦੀਆਂ ਸ਼ਰਤਾਂ :–

ੳ )   ਮੈਂਬਰ ਬਣਨ ਲਈ ਮੈਂਬਰਸ਼ਿਪ ਦੀਆਂ ਸ਼ਰਤਾਂ ਪੜ੍ਹਕੇ ਅਤੇ ਮੈਂਬਰਸ਼ਿਪ ਫਾਰਮ ਭਰਕੇ ਉਸ ਉਪਰ ਦਸਤਖ਼ਤ ਕਰਕੇ ਪ੍ਰਬੰਧਕ ਕਮੇਟੀ ਨੂੰ ਦੇਣਾ ਹੋਵੇਗਾ । ਜੇਕਰ ਹੋ ਸਕੇ ਤਾਂ ਉਸ ਦੀ ਇੱਕ ਕਾਪੀ ਪ੍ਰਬੰਧਕ ਕਮੇਟੀ ਦੇ ਮੈਂਬਰ ਤੋਂ ਦਸਤਖ਼ਤ ਕਰਵਾਕੇ ਲੈ ਸਕਦਾ ਹੈ ।

ਅ )   ਹਰ ਸਿੱਖ ਵਿਅਕਤੀ ਜੋ ਦਸ ਗੁਰੂ ਸਹਿਬਾਨਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦ੍ਰਿੜ ਨਿਸਚਾ ਰੱਖਦਾ ਹੈ ਅਤੇ ਕਿਸੇ ਦੇਹਧਾਰੀ ਨੂੰ ਗੁਰੂ ਨਾ ਮੰਨਦਾ ਹੋਵੇ ਅਤੇ ਨਾਮ ਦੇ ਨਾਲ ਸਿੰਘ ਜਾਂ ਕੌਰ ਲੱਗਦਾ ਹੋਵੇ ਮੈਂਬਰ ਬਣ ਸਕਦਾ ਹੈ ।

ੲ )   ਦੇਹਧਾਰੀ ਨੂੰ ਗੁਰੂ ਮੰਨਣ ਵਾਲੇ ਮੈਂਬਰ ਨਹੀਂ ਬਣ ਸਕਦੇ ।

ਸ )   ਗੈਰ ਪੰਥਕ ਕੰਮ ਕਰਨ ਵਾਲੇ ਦੀ ਮੈਂਬਰਸ਼ਿਪ ਨੂੰ ਸੇਵਾਦਾਰ ਰੱਦ ਕਰ ਸਕਦੇ ਹਨ ।

ਹ )   ਸ੍ਰੀ ਗੁਰੂ ਸਿੰਘ ਸਭਾ ਦੇ ਖਿਲਾਫ਼ ਕਿਸੇ ਵੀ ਧਾਰਮਿਕ ਸੰਸਥਾ ਦਾ ਮੈਂਬਰ , ਸ੍ਰੀ ਗੁਰੂ ਸਿੰਘ ਸਭਾ ਦਾ ਮੈਂਬਰ ਨਹੀਂ ਬਣ ਸਕਦਾ । ਦੇਖੋ ਵਕੀਲ ਸਮਝੌਤਾ ਫਾਈਲ ੨੦੧੧ ।

ਕ)   ਮਾਰਚ ਤੋਂ ਜੂਨ ੨੦੧੧ ਦੇ ਵਿਖਾਵਾਕਾਰੀਆਂ ਨੂੰ ਗੁਰਦਵਾਰਾ ਦੇ ਅੰਦਰ ਆਉਂਣ ਦੀ ਆਗਿਆ ਨਹੀਂ ਹੋਵੇਗੀ ।  ਗੁਰਦਵਾਰਾ ਦੇ ਖਿਲਾਫ਼ ਲਿਸਟ ਦੇ ੫੩੭ ਲੋਕ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੋਪਨਹੈਗਨ ( ਡੈਨਮਾਰਕ ) ਦੇ ਮੈਂਬਰ ਨਹੀਂ ਬਣ ਸਕਦੇ ।

ਖ )   ਅਗਰ ਕਿਸੇ ਮੈਂਬਰ ਦੇ ਖਿਲਾਫ਼ ਸ਼ਕਾਇਤ ਹੋਵੇ ਕਿ ਉਸ ਨੇ ਸੰਸਥਾ ਦੇ ਵਿਰੁਧ ਕੰਮ ਕੀਤਾ ਹੈ ਤੇ ਉਹ ਸਾਬਤ ਹੋ ਜਾਵੇ , ਤਾਂ ਸੇਵਾਦਾਰ ਉਸ ਨੂੰ ੫ ਸਾਲ ਵਾਸਤੇ ਮੈਂਬਰਸ਼ਿਪ ਤੋਂ ਰਹਿਤ ਕਰ ਸਕਦੇ ਹਨ । ਝੂਠੀ ਸ਼ਕਾਇਤ ਜੋ ਸਾਬਤ ਨਾਂ ਹੋ ਸਕੇ ਤਾਂ ਸ਼ਕਾਇਤ ਕਰਤਾ ਦੇ ਖਿਲਾਫ਼ ਕਾਰਵਾਈ ਹੋ ਸਕਦੀ ਹੈ । ਉਸ ਦੀ ਮੈਂਬਰਸ਼ਿਪ ਵੀ ੫ ਸਾਲ ਵਾਸਤੇ ਖਤਮ ਕੀਤੀ ਜਾਵੇਗੀ ।

ਗ )   ਡੈਨਮਾਰਕ ਵਿੱਚ ਕਾਨੂੰਨੀ ਤੌਰ ਤੇ ਰਹਿੰਦਾ ਹਰ ਸਿੱਖ ਵਿਅਕਤੀ ਜਿਸ ਦੇ ਨਾਮ ਨਾਲ ਸਿੰਘ ਜਾਂ ਕੌਰ ਲੱਗਾ ਹੋਵੇ ਅਤੇ ਜਿਸਦੀ ਉਮਰ ੧੮ ਸਾਲ ਤੋ ਉਪਰ ਹੋਵੇ ਮੈਂਬਰ ਬਣ ਸਕਦਾ ਹੈ ।

ਘ )   ਮੈਂਬਰਸ਼ਿਪ ਹਮੇਸ਼ਾ ਖੁੱਲ੍ਹੀ ਰਹੇਗੀ ।

ਙ )   ਮੈਂਬਰਸ਼ਿਪ ਫ਼ੀਸ ੨੫ ਕਰੋਨਰ ਪ੍ਰਤੀ ਮੈਂਬਰ ਪ੍ਰਤੀ ਮਹੀਨਾ ( ੩੦੦ ਕਰੋਨਰ ਪ੍ਰਤੀ ਮੈਂਬਰ ਪ੍ਰਤੀ ਸਾਲ ) ਹੋਵੇਗੀ । ਮੈਂਬਰਾਂ ਨੂੰ ਅਧਿਕਾਰ ਹੋਵੇਗਾ ਕਿ ਉਹ ( Bank overført) ਮੈਂਬਰਸ਼ਿਪ ਫ਼ੀਸ ਵਾਸਤੇ ਵਰਤ ਸਕਦੇ ਹਨ । ਮੈਂਬਰਸ਼ਿਪ ਫ਼ੀਸ ਨਾ ਅਦਾ ਕਰਨ ਤੇ ਜੇ

ਕਰ ਤਿੰਨ ਮਹੀਨੇ ਦਾ ਵਖਫ਼ਾ ਪੈ ਗਿਆ ਤਾਂ ਦੁਬਾਰਾ ਸ਼ੁਰੂ ਤੋਂ ਮੈਂਬਰਸ਼ਿਪ ਚਾਲੂ ਹੋਵੇਗੀ। ਅਤੇ ਦੁਬਾਰਾ ਸ਼ੁਰੂ ਹੋਣ ਦੀ ਤਰੀਕ ਤੋਂ ਨਵਾ ਸਮਾਂ ਗਿਣਿਆ ਜਾਵੇਗਾ। ਪ੍ਰਬੰਧਕ ਸੇਵਾਦਾਰ ਸਮੇਂ ਅਨੁਸਾਰ ਫ਼ੀਸ ਵਧਾ ਜਾ ਘਟਾ ਸਕਦੇ ਹਨ।

## §੫ ਗੁਰਦੁਆਰਾ ਸਾਹਿਬ ਦਾ ਪ੍ਰਬੰਧ :–

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਵਾਸਤੇ ਪੰਜ (੫) ਸੇਵਾਦਾਰਾਂ ਦੀ ਇਕ ਕਾਰਜਕਰਨੀ ਹੋਵੇਗੀ। ਜਿਸ ਵਿਚ ਸਾਰੇ ਸੇਵਾਦਾਰ ਅੰਮ੍ਰਿਤਧਾਰੀ ਹੋਣਗੇ। ਲੰਗਰ ਅਤੇ ਬਿਲਡਿੰਗ ਦੀ ਸੇਵਾ ਵਾਸਤੇ ਸਹਾਇਕ ਸੇਵਾਦਾਰ ਲੈ ਸਕਦੇ ਹਨ ਜੋ ਨਸ਼ਾ ਰਹਿਤ ਅਤੇ ਨਿਤਨੇਮੀ ਹੋਣਗੇ। ਜੋ ਸਾਰਾ ਪ੍ਰਬੰਧ ਚਲਾਓਣਗੇ। ਸਾਰੇ ਸੇਵਾਦਾਰਾਂ ਨੂੰ ਕਿਸੇ ਕਿਸਮ ਦੀ ਤਨਖਾਹ ਨਹੀਂ ਮਿਲੇਗੀ। ਪ੍ਰਬੰਧਕ ਸੇਵਾਦਾਰਾਂ ਦੀ ਚੋਣ ਨਹੀਂ, ਨਿਯੁਕਤੀ ਹੋਵੇਗੀ। ਪਰ ਹਾਲਾਤ ਨੂੰ ਮੁੱਖ ਰੱਖਦੇ ਹੋਏ ਚੋਣ ਵੀ ਕਰਵਾਈ ਜਾ ਸਕਦੀ ਹੈ। ਨਿਯੁਕਤੀ ਜਾਂ ਚੋਣ ਹਰ ਦੂਸਰੇ ਸਾਲ ਅਪ੍ਰੈਲ ਦੇ ਪਹਿਲੇ ਹਫ਼ਤੇ ਸ਼ਨਿਚਰਵਾਰ ਨੂੰ ਹੋਵੇਗੀ। ਨਵੀਂ ਕਮੇਟੀ ਵੈਸਾਖੀ ਤੋਂ ਅਗਲੇ ਦਿਨ ਚਾਰਜ ਸੰਭਾਲ ਲਵੇਗੀ।

ਇਨ੍ਹਾਂ ਦੇ ਜੁਮੇ ਇਹ ਸੇਵਾ ਹੋਣਗੀਆਂ।

ੳ ) ਗੁਰਦੁਆਰਾ ਸਾਹਿਬ ਦਾ ਪੂਰਾ ਪ੍ਰਬੰਧ ਕਰਨਾ।
ਅ ) ਸਿੱਖ ਗੁਰੂ ਸਾਹਿਬਾਨ ਜੀ ਦੇ ਉਪਦੇਸ਼ਾਂ ਅਤੇ ਬਾਣੀ ਦਾ ਪ੍ਰਚਾਰ ਕਰਨਾ।
ੲ ) ਬਜ਼ਟ ਬਣਾਉਣੇ ਆਮਦਨ ਅਤੇ ਖ਼ਰਚ ਦੇ ਵੇਰਵੇ ਤਿਆਰ ਕਰਨੇ।
ਸ ) ਗੁਰਪੁਰਬਾਂ , ਦੀਵਾਨਾਂ ਅਤੇ ਸਤਿਸੰਗਾਂ ਦਾ ਪ੍ਰਬੰਧ ਕਰਨਾ।
ਹ ) ਲਾਇਬਰੇਰੀ ਦੀ ਸੰਭਾਲ ਕਰ ਨਾ।
ਕ ) ਚਿੱਠੀ ਪੱਤਰ ਕਰਨੇ। (E-mail)
ਖ ) ਦਾਨ ਇਕੱਤਰ ਕਰਨਾ।
ਗ ) ਅਨੰਦ ਕਾਰਜ ਅਤੇ ਹੋਰ ਧਾਰਮਿਕ ਅਤੇ ਸਮਾਜਿਕ ਰਸਮਾਂ ਦਾ ਪ੍ਰਬੰਧ ਕਰਨਾ।
ਘ ) ਬੱਚਿਆਂ ਵਾਸਤੇ ਗੁਰਮੁਖੀ ਅਤੇ ਗੁਰਮਤ ਵਿਦਿਆ ਦਾ ਪ੍ਰਬੰਧ ਕਰਨਾ।
ਙ ) ਸਮੇਂ ਸਮੇਂ ਸਿਰ ਸਿੱਖ ਸੰਗਤਾਂ ਨੂੰ ਸੂਚਨਾਵਾਂ ਦੇਣੀਆਂ।
ਚ ) ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਰੀਪੇਅਰ ਅਤੇ ਸੰਭਾਲ ਕਰਨਾ।
ਛ ) ਫੋਰੀ ਕਾਰਜਾਂ ਵਾਸਤੇ ਇਕ ਵਾਰ ੧੦੦੦੦,੦੦ ਕਰੋਨਰ ਤੱਕ ਖਰਚਾ ਕਰਨਾਂ।

## §੬ ਗੁਰਦੁਆਰਾ ਸਾਹਿਬ ਦੀ ਵਰਤੋਂ :–

ੳ ) ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ।

ਅ ) ਗੁਰਦੁਆਰਾ ਸਾਹਿਬ ਵਿੱਚ ਪੰਥ ਪ੍ਰਵਾਨਤ ਰਹਿਤ ਮਰਿਯਾਦਾ ਤੇ ਪਹਿਰਾ ਦੇਣਾ।
ੲ ) ਧਾਰਮਿਕ ਅਤੇ ਸਮਾਜਿਕ ਕਾਰਜਾਂ ਦਾ ਪ੍ਰਬੰਧ ਕਰਨਾਂ।
ਸ ) ਦੇਸ਼ ਵਿਦੇਸ਼ ਤੋਂ ਆਏ ਲੀਗਲ ਯਾਤਰੀਆਂ ਦਾ ਜੋ ਗੁਰਦੁਆਰਾ ਸਾਹਿਬ ਵਿਖੇ ਰਹਿਣਾ ਚਾਹੁੰਦੇ ਹੋਣ ਉਨ੍ਹਾ ਵਾਸਤੇ ੨ ਦਿਨ ਦਾ ਪ੍ਰਬੰਧ ਕਰਨਾ।
ਹ ) ਜੇਕਰ ਕੋਈ ਗੁਰਬਾਣੀ ਪ੍ਰਚਾਰਕ ਗੁਰਦੁਆਰਾ ਸਾਹਿਬ ਵਿਖੇ ਰਹਿ ਰਿਹਾ ਹੋਵੇ ਤਾਂ ਪ੍ਰਬੰਧਕ ਕਮੇਟੀ ਉਸ ਦੀ ਇਕ ਹਫਤੇ ਤੋਂ ਵੱਧ ਰਿਹਾਇਸ਼ ਬਾਰੇ ਫੈਸਲਾ ਕਰ ਸਕਦੀ ਹੈ।
ਕ ) ਪ੍ਰਬੰਧਕ ਕਮੇਟੀ ਦਾ ਫਰਜ਼ ਬਣਦਾ ਹੈ ਕਿ ਉਹ ਯਾਤਰੀ ਨੂੰ ਗੁਰਦੁਆਰਾ ਸਾਹਿਬ ਵਿਖੇ ਰਹਿਣ ਦੇ ਅਸੂਲਾਂ ਬਾਰੇ ਜਾਣਕਾਰੀ ਦੇਵੇ।
ਗ ) ਗੁਰਦੁਆਰਾ ਸਾਹਿਬ ਦੀ ਬਿਲਡਿੰਗ ਕਿਸੇ ਹੋਰ ਕੰਮ ਵਾਸਤੇ ਨਹੀਂ ਵਰਤੀ ਜਾ ਸਕਦੀ।

## §੭ ਕਾਰਜਕਰਨੀ ਦੇ ਸੇਵਾਦਾਰਾਂ ਦੀ ਬਣਤਰ :-

ਸਾਰੇ ਸੇਵਾਦਾਰ ਇਕ ਸਮਾਨ ਹੋਣਗੇ ਰਲਕੇ ਸਾਰੀਆਂ ਜੁਮੇਵਾਰੀਆਂ ਨਿਭਾਉਣਗੇ ਤੇ ਜੁਮੇਵਾਰੀਆਂ ਲਗਾਉਂਣਗੇ। ਸਾਰੇ ਸੇਵਾਦਾਰਾਂ ਦੀ ਮਿਆਦ ੨ ਸਾਲ ਹੋਵੇਗੀ। ਹੇਠ ਲਿਖੀਆਂ ਜਿੰਮੇਵਾਰੀਆਂ ਆਪਸ ਵਿਚ ਮਿਲਕੇ ਵੰਡ ਲੈਣਗੇ।

ੳ ) ਕਾਰਜਕਰਨੀ ਵਿਚ ਇੱਕ ਮੁਖ ਸੇਵਾਦਾਰ ਹੋਵੇਗਾ।
ਅ ) ਸਟੇਜ ਦਾ ਪ੍ਰਬੰਧ।
ੲ ) ਖਜ਼ਾਨਚੀ।
ਸ ) ਇਨਫਰਮੇਸ਼ਨ ਅਤੇ ਲਾਇਬ੍ਰੇਰੀ ਦੀ ਸੰਭਾਲ।
ਹ ) ਲੰਗਰ ਦਾ ਪ੍ਰਬੰਧ।
ਕ ) ਇਮਾਰਤ ਦਾ ਪ੍ਰਬੰਧ।

ਚੈਕ ਤੇ ਦਸਖਤ ਕਰਨ ਵਾਸਤੇ ੩ ਸੇਵਾਦਾਰਾਂ ਨੂੰ ਅਧਿਕਾਰ ਹੋਵੇਗਾ ਜਿਨ੍ਹਾਂ ਵਿਚੋ ਕੋਈ ੨ ਸੇਵਾਦਾਰਾਂ ਦੇ ਦਸਖਤ ਹੋਣ ਤੇ ਚੈਕ ਪਾਸ ਹੋਵੇਗਾ। ਸਾਰੇ ਸੇਵਾਦਾਰ ਪੰਥਕ ਵਿਚਾਰਧਾਰਾ ਵਾਲੇ ਹੋਣਗੇ। ਹੋਰ ਵਿਚਾਰਧਾਰਾ ਵਾਲੇ ਇਸ ਕਾਰਜਕਰਨੀ ਵਿਚ ਨਹੀਂ ਆ ਸਕਦੇ। ਸਟੇਜ਼ ਸੈਕਟਰੀ, ਖਜ਼ਾਨਚੀ, ਇਨਫਰਮੇਸ਼ਨ ਸੇਵਾਦਾਰਾਂ ਹੋ ਸਕੇ ਤਾਂ ਡੈਨਿਸ਼ ਲਿਖਣੀ ਅਤੇ ਪੜ੍ਹਨੀ ਆਉਣੀ ਜ਼ਰੂਰੀ ਹੈ। ਲੰਗਰ ਦੀ ਸੇਵਾ ਵਿਚ ਸਾਰੇ ਸੇਵਾਦਾਰਾਂ ਨੂੰ ਸਹਾਇਤਾ ਕਰਨੀ ਬਹੁਤ ਜ਼ਰੂਰੀ ਹੈ।

## §੮ ਪ੍ਰਬੰਧਕ ਸੇਵਾਦਾਰਾਂ ਦੀਆਂ ਯੋਗਤਾਵਾਂ :-

ੳ ) ਕਾਰਜ ਕਰਨੀ ਦਾ ਸੇਵਾਦਾਰ ਉਹ ਹੀ ਬਣ ਸਕਦਾ ਹੈ ਜੋ ਪਿਛਲੇ ਦੋ ਸਾਲ ਤੋਂ ਲਗਾਤਾਰ ਮੈਂਬਰ ਰਹਿ ਚੁੱਕਾ ਹੋਵੇ ਤੇ ਸੇਵਾ ਕਰਦਾ ਹੋਵੇ।

ਅ ) ਪ੍ਰਬੰਧ ਵਿਚ ੫ ਅੰਮ੍ਰਿਤਧਾਰੀ ਸੇਵਾਦਾਰ ਹੋਣਗੇ। ਕੋਈ ਵੀ ਸੇਵਾਦਾਰ ਸੇਵਾ ਕਾਲ ਸਮੇਂ ਦੌਰਾਨ ਰਹਿਤ ਮਰਯਾਦਾ ਵਿਚ ਢਿੱਲ ਦਿਖਾਉਂਦਾ ਹੈ ਜਾਂ ਨਸ਼ੇ ਦੀ ਵਰਤੋਂ ਆਦਿ ਕਰਦਾ ਹੈ ਤਾਂ ਉਸ ਉਪਰ ਵਿਚਾਰ ਕੀਤੀ ਜਾਵੇਗੀ। ਜੇਕਰ ਦੋਸ਼ ਸਿਧ ਹੋ ਜਾਵੇ ਤਾਂ ਅਗਲੇ ਚਾਰ ਸਾਲ ਵਾਸਤੇ ਪ੍ਰਬੰਧ ਵਿੱਚ ਦਖਲ ਅੰਦਾਜੀ ਨਹੀਂ ਕਰ ਸਕਦਾ।

ੲ ) ਪੰਜਾਬੀ ਪੜ੍ਹਨੀ ਅਤੇ ਲਿਖਣੀ ਆਉਂਦੀ ਹੋਵੇ। ਗੁਰਮਤ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਰੱਖਦਾ ਹੋਵੇ।

ਸ ) ਕਾਰਜ ਕਰਨੀ ਦਾ ਸੇਵਾਦਾਰ ਉਹ ਹੀ ਬਣ ਸਕਦਾ ਹੈ ਜੋ ਘੱਟੋ ਘੱਟ ਪਿਛਲੇ ਪੰਜ ਸਾਲ ਤੋਂ ਕਾਨੂੰਨੀ ਤੌਰ ਤੇ (Permanent opholds og arbejdstilladelse) ਦੀ ਸ਼ਰਤ ਪੂਰੀ ਕਰਦਾ ਹੋਵੇ।

ਹ ) ਪਹਿਲੇ ਪ੍ਰਬੰਧਕ ਸੇਵਾਦਾਰ ਨਵੀਂ ਕਾਰਜਕਰਨੀ ਵਾਸਤੇ ਆਪਣੇ ਨਾਮ ਨਹੀਂ ਦੇ ਸਕਦੇ। ਪਰ ਜੇ ਕਰ ਨਵੇ ਸੇਵਾਦਾਰ ਨਹੀਂ ਅਉਂਦੇ ਜਾਂ ਲੋੜੀਦੀਂ ਗਿਣਤੀ ਪੂਰੀ ਨਹੀਂ ਹੁੰਦੀ ਤਾਂ ਪਹਿਲੇ ਸੇਵਾਦਾਰ ਆਪਣੇ ਨਾਮ ਫਿਰ ਦੇ ਸਕਦੇ ਹਨ।

ਕ ) ਉਮਰ ਘੱਟੋ ਘੱਟ ੨੦ ਸਾਲ ਹੋਵੇ।

## §੯ **ਸੇਵਾਦਾਰਾਂ ਦੀਆਂ ਜ਼ੁਮੇਵਾਰੀਆਂ** :–

ਸਾਰੇ ਸੇਵਾਦਾਰ ਸਹਿਮਤ ਹੋ ਕੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਂਣਗੇ।

ੳ ) ਸਟੇਜ਼ ਦੀ ਸੇਵਾ :– ਦੀਵਾਨ ਦਾ ਸਾਰਾ ਪ੍ਰਬੰਧ ਕਰਨਾ।

ਅ ) ਖ਼ਜ਼ਾਨਚੀ ਦੀ ਸੇਵਾ :–ਆਮਦਨ ਅਤੇ ਖਰਚ ਦਾ ਵੇਰਵਾ ਤਿਆਰ ਕਰਨਾ। ਮਾਇਆ ਜਮਾਂ ਕਰਵਾਉਂਣੀ ਅਤੇ ਕਢਵਾਉਂਣੀ।

ੲ ) ਲਾਇਬ੍ਰੇਰੀ ਦੀ ਸੇਵਾ :– ਕਿਤਾਬਾਂ ਦਾ ਹਿਸਾਬ–ਕਿਤਾਬ ਅਤੇ ਸੰਭਾਲ ਰੱਖਣੀ।

ਸ ) ਲੰਗਰ ਦੀ ਸੇਵਾ :– ਦੀਵਾਨਾਂ ਅਤੇ ਗੁਰਪੁਰਬਾਂ ਵਾਸਤੇ ਲੰਗਰ ਦਾ ਪ੍ਰਬੰਧ ਕਰਨਾ। ਬਰਤਨਾਂ ਅਤੇ ਹੋਰ ਸਮਾਨ ਦਾ ਹਿਸਾਬ ਰੱਖਣਾ।

ਹ ) ਇਨਫਰਮੇਸ਼ਨ ਦੀ ਸੇਵਾ :–ਸਿੱਖ ਧਰਮ ਦੀ ਹਰ ਤਰ੍ਹਾਂ ਦੀ ਸੂਚਨਾ ਇੱਕਤਰ ਕਰਕੇ ਸੰਗਤ ਤੱਕ ਪਹੁੰਚਾਉਣੀ , ਸੇਵਾਦਾਰਾਂ ਅਤੇ ਮੈਂਬਰਾਂ ਦੀ ਮੀਟਿੰਗ ਬਲਾਉਂਣਾ।

ਕ ) ਇਮਾਰਤ ਦੀ ਦੇਖ ਭਾਲ :– ਇਮਾਰਤ ਦੀ ਹਰ ਤਰ੍ਹਾਂ ਦੀ ਰੀਪੇਅਰ ਦਾ ਪ੍ਰਬੰਧ ਕਰਨਾ।

ਖ ) ਜਨਰਲ ਇਜਲਾਸ ਬੁਲਾਉਣਾ ਅਤੇ ਉਸਦੀ ਕਾਰਵਾਈ ਚਲਾਉਣ ਵਾਸਤੇ ਪ੍ਰਬੰਧ ਕਰਨਾ।

## §੧੦ ਨਿਯੁਕਤੀ ਸਭਾ ਦੀ ਚੋਣ :–

ਪ੍ਰਬੰਧਕ ਸੇਵਾਦਾਰਾਂ ਦੀ ਚੋਣ ਵਾਸਤੇ ੩ ਮੈਂਬਰਾਂ ਦੀ ਇਕ ਨਿਯੁਕਤੀ ਸਭਾ ਬਣਾਈ ਜਾਵੇਗੀ। ਨਿਯੁਕਤੀ ਸਭਾ ਚੋਣ ਅਤੇ ਵੋਟਾਂ ਵਿਚ ਹਿੱਸਾ ਨਹੀਂ ਲੈ ਸਕਦੀ ਅਤੇ ਨਿਰਪੱਖ ਹੋਵੇਗੀ। ਇਸ ਦੀ ਚੋਣ ਮੈਂਬਰਾਂ ਵਿਚੋਂ ਮਾਰਚ ਮਹੀਨੇ ਦੇ ਦੂਸਰੇ ਹਫ਼ਤੇ ਕੀਤੀ ਜਾਵੇਗੀ। ਜੋ ਮੈਂਬਰ

ਨਿਯੁਕਤੀ ਸਭਾ ਵਾਸਤੇ ਸੇਵਾ ਕਰਨੀ ਚਾਹੁੰਦੇ ਹੋਣ ਉਹ ਆਪਣੇ ਨਾਮ ਦੇਣਗੇ । ਜੇਕਰ ਕੋਈ ਵੀ ਨਾਮ ਨਹੀਂ ਆਉਂਦਾ ਤਾਂ ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਮੈਂਬਰਾਂ ਵਿਚੋਂ ਨਾਮ ਪੇਸ਼ ਕਰ ਸਕਦੇ ਹਨ । ਤਿੰਨ ਤੋਂ ਵੱਧ ਨਾਮ ਆਉਣ ਦੀ ਹਾਲਤ ਵਿਚ , ਗੁਰੂ ਮਹਾਰਾਜ ਜੀ ਦੀ ਹਜੂਰੀ ਵਿਚ ਪਰਚੀਆਂ ਪਾ ਕੇ ੩ ਨਾਮ ਕੱਢ ਲਏ ਜਾਣਗੇ । ਅਤੇ ਨਿਯੁਕਤੀ ਸਭਾ ਸੰਵਿਧਾਨ ਅਨੁਸਾਰ ਨਵੇਂ ਪ੍ਰਬੰਧਕ ਸੇਵਾਦਾਰਾਂ ਦੀ ਨਿਯੁਕਤੀ ਕਰਾਏਗੀ । ਕਾਰਜਕਰਨੀ ਦੀ ਚੋਂਣ ਤੋਂ ਬਾਦ ਨਿਯੁਕਤੀ ਸਭਾ ਸੇਵਾ ਮੁਕਤ ਹੋ ਜਾਵੇਗੀ ।

## §੧੧ ਕਾਰਜਕਰਨੀ ਦੀ ਨਿਯੁਕਤੀ :–

ੳ ) ਮੌਜੂਦਾ ਕਮੇਟੀ ਨਵੇਂ ਪ੍ਰਬੰਧਕ ਸੇਵਾਦਾਰਾਂ ਦੀ ਚੋਣ ਵਾਸਤੇ ਸ੍ਰੀ ਗੁਰੂ ਸਿੰਘ ਸਭਾ ਦੇ ਮੈਂਬਰਾਂ ਦੀ ਜੋ ਘੱਟ ਤੋ ਘਟ ੨ ਸਾਲ ਤੋ ਮੈਂਬਰ ਹਨ, ਇਕੱਤਰਤਾ ਬੁਲਾਏਗੀ ਜੋ ਹਰ ਦੂਸਰੇ ਸਾਲ ਅਪ੍ਰੈਲ ਦੇ ਪਹਿਲੇ ਹਫ਼ਤੇ ਹੋਵੇਗੀ ਅਤੇ ਪ੍ਰਬੰਧਕ ਕਮੇਟੀ ਉਸ ਨੂੰ ਸੁਚੱਜੇ ਢੰਗ ਨਾਲ ਚਲਾਉਂਣ ਵਾਸਤੇ ਜਿੰਮੇਵਾਰ ਹੋਵੇਗੀ ।

ਅ ) ਕਾਰਜਕਰਨੀ ਦੀ ਚੋਣ :–ਜੋ ਮੈਂਬਰ ਪ੍ਰਬੰਧਕ ਸੇਵਾਦਾਰ ਦੇ ਤੌਰ ਤੇ ਸੇਵਾ ਕਰਨੀ ਚਾਹੁੰਦੇ ਹੋਣ ਉਹ ਆਪ ਆਪਣੇ ਨਾਮ ਨਿਯੁਕਤੀ ਸਭਾ ਨੂੰ ਦੇ ਦੇਣ । ਨਿਯੁਕਤੀ ਸਭਾ ਇਨ੍ਹਾਂ ਤੇ ਵਿਚਾਰ ਕਰੇਗੀ । ਕਿਸੇ ਤੇ ਕੋਈ ਇਤਰਾਜ਼ ਆਉਂਦਾ ਹੈ ਤਾਂ ਇਮਾਨਦਾਰੀ ਨਾਲ ਅਤੇ ਨਿਰਪੱਖਤਾ ਨਾਲ ਵਿਚਾਰ ਹੋਣ ਤੋ ਬਾਅਦ ਉਹ ਨਾਮ ਲਿਸਟ ਵਿਚੋ ਕੱਢ ਦਿਤਾ ਜਾਵੇਗਾ । ਸਾਰੇ ਨਾਮ ਗੁਰੂ ਸਾਹਿਬ ਜੀ ਦੀ ਹਜੂਰੀ ਵਿਚ ਅਰਦਾਸ ਕਰਨ ਤੋਂ ਬਾਅਦ ਸੰਗਤ ਵਿਚ ਸੁਣਾਏ ਜਾਣਗੇ ਤੇ ਉਨ੍ਹਾਂ ਨਾਮਾਂ ਦੀਆਂ ਪਰਚੀਆਂ ਪਾਈਆ ਜਾਣਗੀਆਂ ਜਾਂ ਨਿਯੁਕਤੀ ਸਭਾ ਸਰਬ ਸੰਮਤੀ ਨਾਲ ੫ ਸੇਵਾਦਾਰਾਂ ਨੂੰ ਅਗਲੇ ੨ ਸਾਲ ਵਾਸਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਵਾਸਤੇ ਨਿਯੁਕਤ ਕਰੇਗੀ । ਨਿਯੁਕਤ ਕੀਤੇ ਗਏ ਮੈਂਬਰਾਂ ਨੂੰ ਇਕ ਹਫ਼ਤੇ ਦੇ ਅੰਦਰ ਡੈਨਿਸ਼ ਪੁਲਿਸ ਕੋਲੋਂ ਚਰਿੱਤਰ ਪੱਤਰ (Straffeattest) ਲੈ ਕੇ ਆਉਂਣਾ ਪਵੇਗਾ । ਅਗਰ ਉਪਰ ਲਿਖੇ ਅਨੁਸਾਰ ਨਿਯੁਕਤੀ ਵਾਸਤੇ ਸਹਿਮਤੀ ਨਹੀਂ ਹੁੰਦੀ ਤਾਂ ਹਾਜ਼ਰ ਮੈਂਬਰਾਂ ਵਿਚੋਂ ਦੋ ਤਿਹਾਈ ੬੬%) ਬਹੁਮਤ ਨਾਲ ਫੈਸਲਾ ਲੈ ਕੇ ਚੋਂਣ ਕਰਵਾਈ ਜਾ ਸਕਦੀ ਹੈ । ਚੋਂਣ ਦਾ ਪ੍ਰਬੰਧ ਚੁਣੀ ਹੋਈ ਨਿਯੁਕਤੀ ਸਭਾ ਕਰੇਗੀ ।

੧ ) ਪੁਰਾਣੀ ਕਮੇਟੀ, ਨਵੀ ਪ੍ਰਬੰਧਕ ਕਮੇਟੀ ਨੂੰ ਵੈਸਾਖੀ ਤੋ ਬਾਅਦ ਸੋਮਵਾਰ ਵਾਲੇ ਦਿਨ ਚਾਰਜ ਸੰਭਾਲ ਦੇਵੇਗੀ । ਅਤੇ ਪੁਰਾਣੀ ਕਮੇਟੀ ਸੇਵਾ ਮੁਕਤ ਹੋ ਜਾਵੇਗੀ ।

੨ ) ਅਗਰ ਕੋਈ ਪ੍ਰਬੰਧਕ ਸੇਵਾਦਾਰ ਪੱਕੇ ਤੌਰ ਤੇ ਬਾਹਰ ਚਲੇ ਜਾਦਾ ਹੈ ਜਾਂ ਲੰਮੇ ਸਮੇਂ ਲਈ ਬੀਮਾਰ ਹੋ ਜਾਂਦਾ ਹੈ ਜਾਂ ਅਸਤੀਫ਼ਾ ਦੇ ਜਾਂਦਾ ਹੈ । ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਯੋਗ ਮੈਂਬਰ ਨੂੰ ਇਸ ਸੇਵਾ ਵਾਸਤੇ ਨਿਯੁਕਤ ਕਰ ਸਕਦੇ ਹਨ । ਅਗਰ ਕੋਈ ਸਮੱਸਿਆ

ਆ ਜਾਦੀਂ ਹੈ ਤਾਂ ਦੀਵਾਨ ਸਮੇਂ ਅਰਦਾਸ ਕਰਕੇ ਪਰਚੀਆਂ ਪਾ ਕੇ ਸੇਵਾਦਾਰ ਨਿਯੁਕਤ ਕੀਤਾ ਜਾ ਸਕਦਾ ਹੈ ।

੩ ) ਅਗਰ ਕੋਈ ਸੇਵਾਦਾਰ ਬਗੈਰ ਕਿਸੇ ਕਾਰਨ ਦੱਸੇ ਲਗਾਤਾਰ ਤਿੰਨ ਮੀਟਿੰਗਾਂ ਵਿਚ ਹਾਜ਼ਰ ਨਹੀਂ ਹੁੰਦਾ , ਉਸ ਦੀ ਸੇਵਾ ਖ਼ਤਮ ਸਮਝੀ ਜਾਵੇਗੀ ।

੪ ) ਅਗਰ ਕੋਈ ਸੇਵਾਦਾਰ ਗੁਰਦੁਆਰਾ ਸਾਹਿਬ ਵਿਚ ਕਿਸੇ ਕਿਸਮ ਦਾ ਵਿਘਨ ਪਾਉਂਦਾ ਹੈ ਪ੍ਰਬੰਧਕ ਸੇਵਾਦਾਰ ਉਸ ਦੀ ਮੈਂਬਰਸ਼ਿਪ ਰੱਦ ਕਰ ਸਕਦੇ ਹਨ । ਮੈਂਬਰਸ਼ਿਪ ਰੱਦ ਕਰਨ ਤੋ ਪਹਿਲਾਂ ਕਾਰਨ ਦੱਸੋ ਲਿਖਤੀ ਨੋਟਸ ਦਿਤਾ ਜਾਵੇਗਾ । ਜਵਾਬ ਨਾਂਹ ਆਉਣ ਤੇ ਜਾਂ ਪ੍ਰਬੰਧਕ ਸੇਵਾਦਾਰ ਸਰਬ ਸੰਮਤੀ ਨਾਲ ਇਕ ਮਹੀਨੇ ਬਾਅਦ ਉਸ ਦੀ ਮੈਂਬਰਸ਼ਿਪ ੪ ਸਾਲ ਵਾਸਤੇ ਰੱਦ ਕਰ ਸਕਦੇ ਹਨ ।

## §੧੨ ਆਮ ਇੱਕਤਰਤਾ :–

ਸਾਰੇ ਮੈਂਬਰਾਂ ਦੀ ਇਕ ਸਾਲ ਵਿਚ ੨ ਵਾਰ ਇਕੱਤਰਤਾ ਹੋਇਆ ਕਰੇਗੀ । ਪਹਿਲੀ ਇਕੱਤਰਤਾ ਮਾਰਚ ਅਤੇ ਦੂਸਰੀ ਅਕਤੂਬਰ ਵਿਚ ਹੋਇਆ ਕਰੇਗੀ । ਇਸ ਮੀਟਿੰਗ ਵਿੱਚ ਪਿਛਲੇ ੬ ਮਹੀਨਿਆਂ ਦਾ ਆਮਦਨ ਅਤੇ ਖਰਚ ਦਾ ਵੇਰਵਾ ਦੱਸਿਆ ਜਾਵੇਗਾ । ਮੌਜੂਦਾ ਕਮੇਟੀ ਤਕਰੀਬਨ ਇਕ ਮਹੀਨੇ ਪਹਿਲਾਂ ਮੀਟਿੰਗ ਸਬੰਧੀ ਸੂਚਨਾਂ ਐਤਵਾਰ ਦੇ ਦੀਵਾਨਾਂ ਵਿੱਚ ਮੈਂਬਰਾਂ ਨੂੰ ਦੇਵੇਗੀ ਅਤੇ ਸੁਝਾ ਮੰਗੇ ਜਾਣਗੇ । ਗੁਰੂਘਰ ਦੀ ਬੇਹਤਰੀ ਵਾਸਤੇ ਆਏ ਸੁਝਾਵਾਂ ਤੇ ਵਿਚਾਰ ਕਰਕੇ ਉਹ ਸੁਝਾ ਏਜੰਡੇ ਵਿਚ ਸ਼ਾਮਿਲ ਕੀਤੇ ਜਾਣਗੇ । ਜਿਨਾ ਬਾਰੇ ਕੋਈ ਫੈਸਲਾ ਨਾ ਹੋ ਸਕੇ ਏਜੰਡੇ ਵਿਚ ਸ਼ਾਮਿਲ ਨਹੀਂ ਕੀਤੇ ਜਾਣਗੇ । ਅਤੇ ਆਮ ਇਕੱਤਰਤਾ ਵਿਚ ਸਿਰਫ ਚਿੱਠੀ (ਮੇਲ) ਵਿੱਚ ਲਿਖੇ ਏਜੰਡੇ ਤੇ ਹੀ ਵਿਚਾਰ ਹੋਵੇਗੀ । ਇਸ ਮੀਟਿੰਗ ਦੇ ਦਿਨ ਗੁਰਦੁਆਰਾ ਸਾਹਿਬ ਅੰਦਰ ਸਿਰਫ਼ ਮੈਂਬਰ ਹੀ ਆ ਸਕਦੇ ਹਨ । ਜਿਨ੍ਹਾਂ ਨੇ ਮੈਂਬਰਸ਼ਿਪ ਫ਼ੀਸ ਦਿਤੀ ਹੋਵੇ ।

## §੧੩ ਚੋਣ :–

ਚੋਣ ਹੋਣ ਦੀ ਹਾਲਤ ਵਿੱਚ ਚੁਣੀ ਹੋਈ ਨਿਯੁਕਤੀ ਸਭਾ (ਦੇਖੋ ੧੧ ਅ ) ਹੀ ਚੋਣ ਕਰਾਉਣ ਵਾਸਤੇ ਜਿੰਮੇਵਾਰ ਹੋਵੇਗੀ ਅਤੇ ਸੰਵਿਧਾਨ ਦੇ ਅਨੁਸਾਰ ਸਾਰਾ ਪ੍ਰਬੰਧ ਕਰੇਗੀ । ਨਿਯੁਕਤੀ ਸਭਾ ਨੂੰ ਤਕਰੀਬਨ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਵੇਗਾ । ੫ ਮੈਂਬਰਾਂ ਵਾਸਤੇ ਚੋਣ ਹੋਵੇਗੀ । ਸਾਰੇ ਮੈਂਬਰ ਸੇਵਾਵਾਂ (ਧਾਰਾ ੭ ) ਅਨੁਸਾਰ ਵੰਡ ਲੈਣਗੇ । ਅਤੇ ਲੋੜ ਪੈਣ ਤੇ ਮੈਂਬਰਾਂ ਵਿਚੋਂ ਸਹਿਯੋਗ ਲੈ ਸਕਦੇ ਹਨ ।

ਚੋਣ ਦੇ ਨਿਯਮ

ੳ ) ਚੋਣ ਵਿੱਚ ਕੇਵਲ ਉਹ ਮੈਂਬਰ ਹੀ ਭਾਗ ਲੈ ਸਕਦੇ ਹਨ ਜੋ ੨ ਸਾਲ ਤੋਂ ਲਗਾਤਾਰ ਮੈਂਬਰ ਹਨ । ਅਤੇ ਚੋਣ ਸਮੇਂ ਸਿਰਫ਼ ਮੈਂਬਰ ਹੀ ਗੁਰਦੁਆਰਾ ਸਾਹਿਬ ਦੇ ਅੰਦਰ ਆ ਸਕਦੇ ਹਨ । ਵੋਟ ਪਾਉਣ ਦਾ ਅਧਿਕਾਰ ਸਿਰਫ਼ ਮੈਂਬਰਾਂ ਨੂੰ ਹੀ ਹੋਵੇਗਾ ।

ਅ ) ਹਰ ਮੈਂਬਰ ਆਪਣੇ ਨਾਲ ਫੋਟੋ ਲੱਗਾ ਪਹਿਚਾਣ ਪੱਤਰ ਲੈ ਕੇ ਆਵੇ । ( ਡਰਾਇਵਿੰਗ ਲਾਈਸੰਸ ਜਾਂ ਪਾਸਪੋਰਟ ਆਦਿ )

ੲ ) ਬੈਲਟ ਪੇਪਰ ਉਪਰ ਸਾਰੇ ਉਮੀਦਵਾਰਾਂ ਦੇ ਨਾਮ ਲਿਖੇ ਜਾਣਗੇ । ਇੱਕ ਵੋਟਰ ਸਿਰਫ਼ ੫ ਨਾਵਾਂ ਉਪਰ ਕਰਾਸ ( X ) ਲਗਾ ਸਕੇਗਾ । ੫ ਤੋਂ ਵੱਧ ਨਾਵਾਂ ਉਪਰ ਕਰਾਸ ਲੱਗੇ ਬੈਲਟ ਪੇਪਰ ਰੱਦ ਸਮਝੇ ਜਾਣਗੇ । (ਦੇਖੋ § ੫ )

ਸ ) ਪਤੀ-ਪਤਨੀ ਆਪਸ ਵਿੱਚ ਇਕ ਦੂਸਰੇ ਦੀ ਜਗ੍ਹਾ ਵੋਟ ਨਹੀਂ ਪਾ ਸਕਦੇ ।

ਹ ) ਅਗਲੀ ਚੋਣ ਹੋਣ ਤੱਕ ਸਾਰਾ ਰਿਕਾਰਡ ਸੰਭਾਲ ਕੇ ਰੱਖਿਆ ਜਾਵੇਗਾ ।

ਕ ) ਉਮੀਦਵਾਰ ਜਾਂ ਉਸਦਾ ਇਕ ਪ੍ਰਤੀਨਿਧ ਗਿਣਤੀ ਸਮੇਂ ਹਾਜ਼ਰ ਰਹਿ ਸਕੇਗਾ ।

ਖ ) ਗਿਣਤੀ ਤੋਂ ਬਾਦ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਉਮੀਦਵਾਰ ਚੁਣੇ ਹੋਏ ਸਮਝੇ ਜਾਣਗੇ ।

ਗ ) ਬਰਾਬਰ ਵੋਟਾਂ ਪੈਂਣ ਵਾਲੇ ਉਮੀਦਵਾਰਾਂ ਦਾ ਫੈਂਸਲਾ ਪਰਚੀਆਂ ਪਾ ਕੇ ਕੀਤਾ ਜਾਵੇਗਾ ।

## §੧੪ ਖਰਚੇ ਬਾਰੇ ਨਿਯਮ :-

ੳ ) ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਸਲਾਹ ਤੋਂ ਬਿਨਾਂ ਇਕ ਵਾਰ ੧0000,00 ਕਰੋਨਰ ਤੋਂ ਵੱਧ ਕੀਮਤ ਦਾ ਕੋਈ ਵੀ ਸਮਾਨ ਨਾ ਖਰੀਦ ਸਕਦੀ ਹੈ ਨਾ ਵੇਚ ਸਕਦੀ ਹੈ ।

ਅ ) ਗੁਰਦੁਆਰਾ ਦੀ ਬਿਲਡਿੰਗ ਮੈਂਬਰਾਂ ਦੀ ਸਲਾਹ ਤੋਂ ਬਿਨਾਂ ਨਾ ਵੇਚੀ ਅਤੇ ਨਾ ਖਰੀਦੀ ਜਾ ਸਕਦੀ ਹੈਂ ।

ੲ ) ਸਾਰਾ ਹਿਸਾਬ ਕਿਤਾਬ ਲਿਖਤੀ ਰੂਪ ਵਿੱਚ ਇੱਕ ਰਜਿਸਟਰ ਜਾਂ(PC) ਵਿੱਚ ਦਰਜ ਕੀਤਾ ਜਾਵੇਗਾ ਅਤੇ ਹਰੇਕ ਮਹੀਨੇ ਦਾ ਸਾਰਾ ਹਿਸਾਬ ਨੋਟਿਸ ਬੋਰਡ ਤੇ ਮਹੀਨੇ ਦੀ ੫ ਤਰੀਕ ਤੱਕ ਲਗਾਇਆ ਜਾਵੇਗਾ ।

ਸ ) ਆਮ ਇਜਲਾਸ ਵਿੱਚ ਇਕ ਸਾਲ ਦਾ ਹਿਸਾਬ ਕਿਤਾਬ ਮੈਂਬਰਾਂ ਵਿਚ ਪੇਸ਼ ਕੀਤਾ ਜਾਵੇਗਾ ।

ਹ ) ਗੁਰਦੁਆਰਾ ਸਾਹਿਬ ਦੇ ਹਿਸਾਬ ਕਿਤਾਬ ਵਾਸਤੇ ਲੇਖਾ-ਪ੍ਰੀਖਿਅਕ (registreret revisor) ਰੱਖਿਆਂ ਜਾਵੇਗਾ । ਜੋ ਸਾਰੇ ਸਾਲ ਦਾ ਹਿਸਾਬ ਕਿਤਾਬ ਤਿਆਰ ਕਰੇਗਾ ।

## §੧੫ ਪ੍ਰੋਗਰਾਮਾਂ ਬਾਰੇ ਸੰਗਤ ਤੱਕ ਸੂਚਨਾ :-

ੳ ) ਪ੍ਰਬੰਧਕ ਕਮੇਟੀ ਸਾਰੇ ਸਾਲ ਦੇ ਪ੍ਰੋਗਰਾਮਾਂ ਦੀ ਲਿਸਟ ਤਿਆਰ ਕਰਕੇ ਸੰਗਤ ਨੂੰ ਈਮੇਲ ਰਾਹੀ ਭੇਜੇਗੀ । ਜਿਸ ਵਿੱਚ ਆਮ ਇਜਲਾਸਾਂ ਬਾਰੇ ਵੀ ਤਾਰੀਖਾਂ ਲਿਖੀਆਂ ਹੋਣਗੀਆਂ ।

ਅ ) ਉਸ ਤੋਂ ਬਾਅਦ ਸਾਰਾ ਸਾਲ ਕੋਈ ਚਿੱਠੀ ਨਹੀਂ ਪਾਈ ਜਾਵੇਗੀ ।
ੲ ) ਸਿਰਫ ਕੋਈ ਬਹੁਤ ਗੰਭੀਰ ਕਿਸਮ ਦੇ ਹਾਲਾਤਾਂ ਵਿੱਚ ਪ੍ਰਬੰਧਕ ਸੇਵਾਦਾਰ , ਮੈਂਬਰਾਂ ਨੂੰ Emergency ਇਜਲਾਸ ਬਾਰੇ ਚਿੱਠੀ ਪਾ ਸਕਦੇ ਹਨ ।

## §੧੬ ਗ੍ਰੰਥੀ ਸਿੰਘ :–

ਗੁਰਦੁਆਰਾ ਸਾਹਿਬ ਵਿਖੇ ਅਤੇ ਬਾਹਰ ਘਰਾਂ ਵਿਚ ਧਾਰਮਿਕ ਅਤੇ ਸਮਾਜਿਕ ਰਸਮਾਂ ਨੂੰ ਨਿਭਾਉਂਣ ਵਾਸਤੇ ਯੋਗ ਗ੍ਰੰਥੀ ਸਿੰਘ ਦੀ ਨਿਯੁਕਤੀ ਕੀਤੀ ਜਾਵੇਗੀ । ਗ੍ਰੰਥੀ ਸਿੰਘ ਦੀ ਨਿਯੁਕਤੀ ਕਰਨ ਸਮੇਂ ਸਾਰੇ ਸੇਵਾਦਾਰਾਂ ਦੀ ਸਹਿਮਤੀ ਹੋਣੀ ਜ਼ਰੂਰੀ ਹੈ । ਗ੍ਰੰਥੀ ਸਿੰਘ ਦੀ ਰਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੀ ਕਾਰਜਕਰਨੀ ਕਰੇਗੀ । ਗ੍ਰੰਥੀ ਸਿੰਘ ਨੂੰ ਸਿਰਫ ਇੱਕ ਵਾਰ ਹੀ ਭਾਰਤ ਤੋਂ ਡੈਨਮਾਰਕ ਆਉਣ–ਜਾਣ ਦੀ ਜਹਾਜ਼ ਦੀ ਟਿਕਟ ਮਿਲੇਗੀ । ਜੇਕਰ ਗ੍ਰੰਥੀ ਸਿੰਘ ਦੀ ਸੇਵਾਕਾਲ ਦਾ ਸਮਾਂ ੨ ਸਾਲ ਤੋਂ ਵੱਧ ਹੈ ਤਾਂ ਤਨਖਾਹ ਨਾਲ ਪੰਜ ਹਫਤੇ ਦੀਆਂ ਛੁੱਟੀਆਂ ਮਿਲਣਗੀਆ । ਗ੍ਰੰਥੀ ਸਿੰਘ ਦੀ ਤਨਖਾਹ ਸਮੇਂ ਮੁਤਾਬਿਕ ਵਧਾਈ ਜਾਵੇਗੀ । ਗ੍ਰੰਥੀ ਸਿੰਘ ਨੂੰ ਕੋਈ ਸਮੱਸਿਆ ਹੋਵੇ ਤਾਂ ਉਹ ਸਿਰਫ ਕਮੇਟੀ ਨਾਲ ਹੀ ਗਲ ਬਾਤ ਕਰ ਸਕਦਾ ਹੈ । ਗ੍ਰੰਥੀ ਸਿੰਘ ਕੋਈ ਵੀ ਸਮੱਸਿਆ ਪੈਦਾ ਕਰਨ ਦੀ ਕੋਸ਼ਿਸ਼ ਕਰੇ ਤਾਂ ਕਮੇਟੀ ਉਸ ਨੂੰ ਉਸ ਹੀ ਟਾਇਮ ਬਰਖ਼ਾਸਤ ਕਰ ਸਕਦੀ ਹੈ

ਗ੍ਰੰਥੀ ਸਿੰਘ ਦੀਆਂ ਯੋਗਤਾਵਾਂ :

੧ ) ਕਥਾ ਕੀਰਤਨ ਕਰ ਸਕਦਾ ਹੋਵੇ ਤੇ ਬੱਚਿਆਂ ਨੂੰ ਕੀਰਤਨ ਸਿਖਾ ਸਕਦਾ ਹੋਵੇ ।
੨ ) ਪੰਜਾਬੀ ਪੜ੍ਹਾ ਸਕਦਾ ਹੋਵੇ । ਅਤੇ ਗੁਰਮੱਤ ਦੀ ਸਿਖਿਆ ਵਿਚ ਪ੍ਰਵੀਨ ਹੋਵੇ ।
੩ ) ਗ੍ਰੰਥੀ ਸਿੰਘ ਹੋ ਸਕੇ ਤਾਂ ਅੰਗਰੇਜੀ ਭਾਸ਼ਾ ਜਾਣਦਾ ਹੋਵੇ ।

ਗ੍ਰੰਥੀ ਸਿੰਘ ਦੀਆਂ ਜਿੰਮੇਵਾਰੀਆਂ :–

੧ ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੇਵਾ ਸੰਭਾਲ ਕਰਨਾ ।
੨ ) ਦੇਗ ਤਿਆਰ ਕਰਨੀ ਅਤੇ ਵਰਤਾਉਂਣ ਵਿਚ ਸਹਾਇਤਾ ਕਰਨਾ ।
੩ ) ਗੁਰਦੁਆਰਾ ਸਾਹਿਬ ਅਤੇ ਬਾਹਰ ਧਾਰਮਿਕ ਰਸਮਾਂ ਅਦਾ ਕਰਨ ਦੀ ਜਿੰਮੇਵਾਰੀ ।
੪ ) ਬੱਚਿਆਂ ਨੂੰ ਪੰਜਾਬੀ ਪੜ੍ਹਾਉਂਣਾ , ਕੀਰਤਨ, ਤਬਲਾ ਸਿਖਾਉਂਣਾ ਅਤੇ ਸਿੱਖ ਧਰਮ ਵਾਰੇ ਜਾਣਕਾਰੀ ਦੇਣੀ ।

੫ ) ਆਮ ਦਿਨਾਂ ਵਿਚ ਆਏ ਗਏ ਦੀ ਸੇਵਾ ਦਾ ਖਿਆਲ ਰੱਖਣਾ ।
੬ ) ਗ੍ਰੰਥੀ ਨੂੰ ਗੁਰਦੁਆਰਾ ਸਾਹਿਬ ਤੋ ਬਾਹਰ ਨੌਕਰੀ ਕਰਨ ਦੀ ਇਜਾਜਿਤ ਨਹੀਂ ਹੋਵੇਗੀ ।
੭ ) ਕੀਰਤਨ ਦੀ ਭੇਟਾ ਗ੍ਰੰਥੀ ਸਿੰਘ ਦੀ ਹੋਵੇਗੀ । ਜੇਕਰ ਪੱਕੀ ਤਨਖਾਹ ਦੇਣੀ ਹੈ ਤਾਂ ਕਮੇਟੀ ਇਸ ਤੇ ਵਿਚਾਰ ਵੀ ਕਰ ਸਕਦੀ ਹੈ ।

## §੧੭ ਖਾਸ ਇੱਕਰਤਾ :–

ੳ ) ਅਗਰ ਪ੍ਰਬੰਧਕ ਸੇਵਾਦਾਰ ਬਹੁਤ ਜ਼ਰੂਰੀ ਸਮਝਣ ਤਾਂ ਸਾਰੇ ਮੈਂਬਰਾਂ ਦੀ ਖਾਸ ਮੀਟਿੰਗ ਬੁਲਾ ਸਕਦੇ ਹਨ । ਜੇਕਰ ਬਹੁ–ਸੰਮਤੀ ਹੈ ।
ਅ ) ਮੈਂਬਰਾਂ ਵਿਚੋਂ ਘੱਟ ਤੋਂ ਘੱਟ ੬੬% ਮੈਂਬਰਾਂ ਦੇ ਬਹੁਮਤ ਨਾਲ ਦਸਤਖ਼ਤ ਕਰਵਾ ਕੇ ਕਿਸੇ ਖਾਸ ਮਸਲੇ ਵਾਸਤੇ ਖਾਸ ਇਕੱਤਰਤਾ ਬੁਲਾਈ ਜਾ ਸਕਦੀ ਹੈ ।
ੲ ) ਇਜਲਾਸ ਵਿੱਚ ਸ਼ਾਮਿਲ ਸਾਰੇ ਮੈਂਬਰਾਂ ਦਾ ਫਰਜ਼ ਬਣਦਾ ਹੈ ਕਿ ਉਹ ਖ਼ੁਦ ਦਸਤਖ਼ਤ ਕਰਕੇ ਆਪਣੀ ਹਾਜ਼ਰੀ ਭਰ ਕੇ ਜਾਣ ।

## §੧੮ ਸਮੱਸਿਆ :–

ੳ ) ਅਗਰ ਪ੍ਰਬੰਧ ਬਾਰੇ ਕੋਈ ਵੱਡੀ ਸਮੱਸਿਆ ਆ ਜਾਂਦੀ ਹੈ ਤਾਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਮੈਂਬਰਾਂ ਵਿਚੋਂ ਪੰਜ ਸਿੰਘ ਨਿਯੁਕਤ ਕਰਕੇ ਮਾਮਲੇ ਦੀ ਘੋਖ ਕਰਕੇ ਆਪਣਾ ਫੈਸਲਾ ਨਿਰਪੱਖਤਾ ਨਾਲ ਦੇਣਗੇ ।
ਅ ) ਅਗਰ ਪ੍ਰਬੰਧਕ ਸੇਵਾਦਾਰਾਂ ਨੂੰ ਪ੍ਰਬੰਧ ਕਰਨ ਸਮੇਂ ਕੋਈ ਸਮੱਸਿਆ ਆਉਦੀ ਹੈ ਤਾਂ ਉਹ ਮੈਂਬਰਾਂ ਦੀ ਮੀਟਿੰਗ ਬੁਲਾ ਕੇ ਸਾਰੀ ਹਾਲਤ ਦੱਸ ਕੇ ਨਵੀਂ ਨਿਯੁਕਤੀ ਸਭਾ ਬਣਾ ਕੇ ਕਾਰਜਕਰਨੀ ਦੀ ਨਿਯੁਕਤੀ ਕਰਾ ਸਕਦੇ ਹਨ ।
ੲ ) ਜੇਕਰ ਗੁਰਦੁਆਰਾ ਸਾਹਿਬ ਜੀ ਦਾ ਕੋਈ ਵੱਡਾ ਪ੍ਰੋਜੈਕਟ ਚਲ ਰਿਹਾ ਹੈਂ ਉਸ ਦਾ ਖ਼ਰਚਾ ਆਮਦਨ ਨਾਲ ਪੂਰਾ ਨਹੀਂ ਹੁੰਦਾ ਤਾਂ ਬਾਕੀ ਦੀ ਰਕਮ ਗੁਰਦੁਆਰਾ ਸਾਹਿਬ ਦੇ ਮੈਂਬਰ ਬਰਾਬਰ ਅਨੁਪਾਤ ਵਿਚ ਪਾ ਕੇ ਪੂਰੀ ਕਰਨਗੇ ।

## §੧੯ ਸੰਸਥਾ ਦੀ ਭੰਗਤਾ :–

ਅਗਰ ਸੰਸਥਾ ਭੰਗ ਕਰਨੀ ਪੈ ਜਾਂਦੀ ਹੈ ਤਾਂ ਮੈਂਬਰਾਂ ਦੀ ਮੀਟੰਗ ਬੁਲਾ ਕੇ ੬੬% ਮੈਂਬਰਾਂ ਦੇ ਕਹਿਣ ਤੇ ਸੰਸਥਾ ਭੰਗ ਕੀਤੀ ਜਾ ਸਕਦੀ ਹੈ । ਸੰਸਥਾ ਦਾ ਸਾਰਾ ਸਾਮਾਨ ਅਤੇ ਮਾਇਆ ਹੇਠ ਲਿਖੇ ਕੰਮਾਂ ਵਾਸਤੇ ਵਰਤੀ ਜਾਵੇਗੀ ।

ੳ ) ਸਿਖ ਧਰਮ ਦੇ ਪ੍ਰਚਾਰ ਹਿੱਤ ਲਿਟਰੇਚਰ ਤਿਆਰ ਕਰਕੇ ਵੰਡਿਆ ਜਾਵੇ ।
ਅ ) ਮਨੁੱਖਤਾ ਦੀ ਭਲਾਈ ਵਾਸਤੇ ਮਾਇਆ ਵਰਤੀ ਜਾ ਸਕਦੀ ਹੈ ।

ਏ ) ਲੋੜਵੰਦਾਂ ਦੀ ਸਹਾਇਤਾ ਰੈਡ ਕਰਾਸ ਜਾਂ ਹੋਰ ਭਲਾਈ ਕਰਨ ਵਾਲੀ ਸੰਸਥਾ ਰਾਂਹੀ ਕੀਤੀ ਜਾਵੇਗੀ। ਇਹ ਮੈਂਬਰਾਂ ਦੀ ਖਾਸ ਮੀਟਿੰਗ ਬੁਲਾਈ ਜਾਵੇਗੀ ਤੇ ਉਸ ਵਿਚ ਸੰਸਥਾ ਭੰਗ ਕਰਨ ਦਾ ਫੈਸਲਾ ਕੀਤਾ ਜਾਵੇਗਾ ਅਤੇ ਹੋਰ ਲੋੜੀਦੇ ਪ੍ਰਬੰਧ ਕੀਤੇ ਜਾਣਗੇ।

## §੨੦ **ਆਮ** :–

ਸੰਸਥਾ ਦੇ ਸਾਰੇ ਕੰਮ ਪੰਥ ਪ੍ਰਵਾਨਤ ਰਹਿਤ ਮਰਿਆਦਾ ਅਨੁਸਾਰ ਕੀਤੇ ਜਾਣਗੇ ਅਤੇ ਸ੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ /ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲਈ ਜਾਵੇਗੀ।

## §੨੧ **ਖਾਸ** :–

ਇਸ ਸੰਵਿਧਾਨ ਵਿੱਚ ੦੧–੧੧–੨੦੧੨ ਤੋਂ ਅਗਲੇ ੧੦ ਸਾਲ ਵਿੱਚ ਕੋਈ ਅਦਲਾ ਬਦਲੀ ਨਹੀਂ ਹੋਵੇਗੀ। ਅਗਰ ੧੦ ਸਾਲ ਤੋ ਬਾਅਦ ਕੋਈ ਧਾਰਾ ਬਦਲਣੀ ਹੋਵੇ ਤਾਂ ਸਾਰੇ ਮੈਂਬਰਾਂ ਵਿਚੋਂ ੬੬% ਮੈਂਬਰ ਆਮ ਇਕੱਤਰਤਾ ਤੋਂ ਇਕ ਮਹੀਨਾ ਪਹਿਲਾਂ ਲਿਖਤੀ ਰੂਪ ਵਿਚ ਦੇਣ।